Education
Public Schools

Ride a bicycle safely




# ਸੜਕਾਂ ‘ਤੇ ਸੁਰੱਖਿਅਤ ਰਹਿਣ ਸਬੰਧਿਤ ਜਾਣਕਾਰੀ

**ਸਕੂਲੋਂ ਆਉਣ ਜਾਣ ਲਈ ਆਪਣੇ ਬੱਚਿਆਂ ਦੀ ਸੁਰੱਖਿਆ ਲਈ ਤੁਸੀਂ ਆਪ ਜ਼ਿੰਮੇਵਾਰ ਹੁੰਦੇ ਹੋ।**

# ਸੁਰੱਖਿਅਤ ਢੰਗ ਸਾਈਕਲ ਚਲਾਓ

ਕਿਉਂਕਿ ਛੋਟੇ ਬੱਚੇ ਅਜੇ ਇਕੱਲੇ ਸਾਈਕਲ ਆਦਿ ਚਲਾਉਣ ਦੇ ਹੁਨਰ ਸਿੱਖ ਰਹੇ ਹੁੰਦੇ ਹਨ, ਸਕੂਟਰ ਅਤੇ ਸਕੇਟਬੋਰਡ ਆਦਿ ਚਲਾਉਣ ਦੀ ਸਭ ਤੋਂ ਸੁਰੱਖਿਅਤ ਥਾਂ ਵਾੜਾਂ ਦੇ ਅੰਦਰ ਹੁੰਦੀ ਹੈ।

ਜਿਨ੍ਹਾਂ ਚਿਰ ਬੱਚੇ ਘੱਟੋ ਘੱਟ 10 ਸਾਲ ਦੀ ਉਮਰ ਦੇ ਨਹੀਂ ਹੁੰਦੇ, ਉਨ੍ਹਾਂ ਨੂੰ ਵਾਹਨਾਂ ਅਤੇ ਡ੍ਰਾਈਵਵੇਜ਼ ਤੋਂ ਦੂਰ ਰਹਿ ਕੇ ਬਾਈਸਿਕਲ ਆਦਿ ਚਲਾਉਣਾ ਚਾਹੀਦਾ ਹੈ। ਕਿਉਂਕਿ ਉਹ ਸਾਈਕਲ ਆਦਿ ਚਲਾਉਣਾ ਸਿੱਖ ਰਹੇ ਹੁੰਦੇ ਹਨ ਉਨ੍ਹਾਂ ਦੇ ਨਾਲ ਨਾਲ ਤੁਰਨਾ ਜਾਂ ਸਾਈਕਲ ਆਦਿ ਚਲਾਉਣਾ ਅਤੇ ਉਨ੍ਹਾਂ ਨਾਲ ਗਲਬਾਤ ਕਰਨੀ ਮਹੱਤਵਪੂਰਣ ਹੁੰਦੀ ਹੈ ਕਿ ਇੱਕ ਸੁਰੱਖਿਅਤ ਬਾਈਸਿਕਲ ਸਵਾਰ ਕਿਸ ਤਰ੍ਹਾਂ ਹੋ ਸੱਕੀਦਾ ਹੈ।

10 ਅਤੇ 12 ਸਾਲ ਦੀ ਉਮਰ ਦਰਮਿਆਨ ਦੇ ਬੱਚਿਆਂ ਨੂੰ ਬਹੁਤ ਆਵਾਜਾਈ ਵਾਲੀਆਂ ਸੜਕਾਂ ਤੋਂ ਦੂਰ ਰਹਿ ਕੇ ਸਾਈਕਲ ਆਦਿ ਚਲਾਉਣਾ ਚਾਹੀਦਾ ਹੈ।

16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਅਤੇ ਉਨ੍ਹਾਂ ਦੇ ਨਾਲ ਉਨ੍ਹਾਂ ਦੀ ਪੈਰਵਾਈ ਕਰ ਰਹੇ ਬਾਲਗ ਫੁਟਪਾਥ ‘ਤੇ ਅਜਿਹਾ ਕਰ ਸਕਦੇ ਹਨ ਬਸ਼ਰਤੇ ਕਿ ਉਥੇ ਖਾਸ ਤੌਰ ‘ਤੇ ਸਾਈਕਲ ਚਲਾਉਣਾ ਮਨ੍ਹਾਂ ਕਰਨ ਵਾਲੇ ਚਿੰਨ੍ਹ (ਸਾਈਨਜ਼) ਨਾ ਲੱਗੇ ਹੋਣ।

**ਆਪਣੇ ਬੱਚਿਆਂ ਨੂੰ ਸੁਰੱਖਿਅਤ ਬਾਈਸਿਕਲ ਚਾਲਕ ਬਣਨ ਲਈ ਇਹ ਕਰਨਾ ਸਿਖਾਓ:**

- ਬਾਈਸਿਕਲ ਦੇ ਨਿਯਮ ਅਪਨਾਉਣਾ ਜਿਸ ਤਰ੍ਹਾਂ:
  - ਫੁਟਪਾਥ ਦੇ ਖੱਬੇ ਪਾਸੇ (ਸਾਈਕਲ) ਚਲਾਉਣਾ
  - ਫੁਟਪਾਥ ‘ਤੇ ਪੈਦਲ ਸਵਾਰਾਂ ਨੂੰ ਰਸਤਾ ਦੇਣਾ
  - ਡਰਾਈਵਵੇ ਦੇ ਅੰਦਰ ਜਾ ਰਹੀਆਂ ਜਾਂ ਬਾਹਰ ਆ ਰਹੀਆਂ ਕਾਰਾਂ ਵੱਲ ਖਾਸ ਧਿਆਨ ਦੇਣਾ
- ਚੰਗੀ ਤਰ੍ਹਾਂ ਮੇਚ ਆਉਣ ਵਾਲਾ ਬਾਈਸਿਕਲ ਦਾ ਟੋਪ (ਹੈਲਮੱਟ) ਪਹਿਨਣਾ – ਇਹ ਕਾਨੂੰਨੀ ਹੈ
- ਗੂੜੇ ਰੰਗ ਦੇ ਕੱਪੜੇ ਪਹਿਨਣ ਜਿਵੇਂ ਕਿ ਕੋਈ ਵੈਸਟ ਤਾਂ ਜੋ ਸੜਕ ਉਪਰਲੇ ਹੋਰ ਸਵਾਰ ਉਨ੍ਹਾਂ ਨੂੰ ਵੇਖ ਸੱਕਣ।

**ਵਧੇਰੇ ਸਮਰਥਨ ਲਈ**

ਮਹਿਕਮੇ ਦੇ ਰੋਡ ਸੇਫਟੀ ਐਡੂਕੇਸ਼ਨ ਪ੍ਰੋਗਰਾਮ ਲਈ ਇਥੇ ਵੇਖੋ https://education.nsw.gov.au/road-safety-education ਜਾਂ ਵੇਖੋ

https://education.nsw.gov.au ਅਤੇ ਸੜਕ ਸਬੰਧੀ ਸਿਖਿਆ ਬਾਰੇ ਖੋਜ ਕਰੋ।

**ਵਡੇਰੀ ਉਮਰ ਦੇ ਬੱਚਿਆਂ ਲਈ, ਆਪਣੇ ਆਪ ਸਾਈਕਲ ਚਲਾਉਣ ਦੀ ਉਨ੍ਹਾਂ ਦੀ ਯੋਗਤਾ ਬਾਰੇ ਫੈਂਸਲਾ ਕਰਨ ਲੱਗਿਆਂ ਹੇਠ ਲਿਖੀਆਂ ਗੱਲਾਂ ਵੱਲ ਖਾਸ ਧਿਆਨ ਦਿਓ:**

- ਯਾਤਰਾ ਕਰਨ ਵਾਲਾ ਰਸਤਾ ਕਿਨ੍ਹਾਂ ਕੁ ਸੁਰੱਖਿਅਤ ਹੈ?
- ਉਨ੍ਹਾਂ ਦੇ ਸਾਈਕਲ ਆਦਿ ਚਲਾਉਣ ਦੇ ਹੁਨਰ ਕਿਹੋ ਜਿਹੇ ਹਨ?
- ਉਹ ਆਪਣੇ ਆਲੇ ਦੁਆਲੇ ਦੇ ਆਵਾਜਾਈ ਦੇ ਵਾਤਾਵਰਣ ਤੋਂ ਕਿਨ੍ਹੇ ਕੁ ਵਾਕਫ ਹਨ?
- ਉਹ ਅਣਚਿਤਵੇ ਅਚਾਨਕ ਖਤਰਿਆਂ ਦਾ ਪ੍ਰਬੰਧ ਕਿਵੇਂ ਕਰ ਸਕਦੇ ਹਨ?

ਸਕੂਲ ਦੇ ਚੌਗਿਰਦੇ ਵਿੱਚ ਬਾਈਸਿਕਲ ਲਿਆਉਣ ਵਾਲੇ ਵਿਦਿਆਰਥੀਆਂ ਲਈ ਪ੍ਰਕ੍ਰਿਆਵਾਂ ਹੋਣਗੀਆਂ ਇਹ ਯਕੀਨੀ ਬਣਾਓ ਕਿ ਤੁਹਾਡੇ ਬੱਚੇ ਇਨ੍ਹਾਂ ਦੀ ਹਮੇਸ਼ਾਂ ਪਾਲਣਾ ਕਰਦੇ ਹਨ।

